ਡਾਇਰੈਕਟਰ,ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,
ਪੰਜਾਬ, ਐਸ.ਸੀ.ਓ. ਨੰ: 7, ਫੇਜ-1, ਐਸ.ਏ.ਐਸ.ਨਗਰ ।

ਸੇਵਾ ਵਿਖੇ,

1. ਡਾਇਰੈਕਟਰ, ਉਚੇਰੀ ਸਿੱਖਿਆ, ਐਸ.ਏ.ਐਸ.ਨਗਰ,
2. ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਐਸ.ਏ.ਐਸ.ਨਗਰ,
3. ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ, ਐਸ.ਏ.ਐਸ.ਨਗਰ,
4. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ (ਆਈ.ਟੀ.ਆਈ.), ਚੰਡੀਗੜ੍ਹ,
5. ਡਾਇਰੈਕਟਰ, ਤਕਨੀਕੀ ਸਿੱਖਿਆ ਵਿਭਾਗ (ਇੰਜ.ਅਤੇ ਪੋਲੀ.ਵਿੰਗ), ਚੰਡੀਗੜ੍ਹ,
6. ਡੀ.ਪੀ.ਆਈ. (ਸਕੂਲਜ), ਐਸ.ਏ.ਐਸ.ਨਗਰ ।
7. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਐਸ.ਏ.ਐਸ.ਨਗਰ ।

ਪੱਤਰ ਨੰ:ਮ-17/8361-8367

ਮਿਤੀ: 31.05-2023

ਵਿਸ਼ਾ: ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਵਿਦਿਆਰਥੀਆਂ ਦੇ ਬੈਂਕ ਖਾਤੇ ਲੀਡ ਬੈਂਕ ਅਫਸਰ ਨਾਲ ਤਾਲਮੇਲ ਕਰਕੇ ਅਧਾਰ ਸੀਡ ਉਪਰੰਤ NPCI ਨੂੰ ਭਿਜਵਾਉਣ ਸਬੰਧੀ ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੂੰ ਅਧਾਰ ਸੀਡ ਬੈਂਕ ਖਾਤਿਆਂ ਵਿੱਚ ਅਦਾਇਗੀ ਕਰਵਾਈ ਜਾਂਦੀ ਹੈ ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਵੱਲੋ ਸਬੰਧਤ ਬੈਂਕ ਵਿੱਚ ਜਾ ਕੇ ਆਪਣੇ ਬੈਂਕ ਖਾਤੇ ਅਧਾਰ ਨਾਲ ਸੀਡ ਕਰਵਾਏ ਗਏ ਹਨ ਪ੍ਰੰਤੂ NPCI ਦੇ ਪੋਰਟਲ ਤੇ ਇਹ ਬੈਂਕ ਖਾਤੇ ਅਧਾਰ ਨਾਲ ਸੀਡ ਸ਼ੋ ਨਹੀ ਹੋ ਰਹੇ । ਜਿਸ ਕਾਰਨ ਇਨ੍ਹਾ ਵਿਦਿਆਰਥੀਆਂ ਨੂੰ ਸਕੀਮ ਤਹਿਤ ਅਦਾਇਗੀ ਨਾ ਹੋਣ ਕਾਰਨ ਵਿਭਾਗ ਨੂੰ ਸ਼ਕਾਇਤਾਂ ਪ੍ਰਾਪਤ ਹੋ ਰਹੀਆਂ ਹਨ ।

ਇਸ ਸਬੰਧੀ NPCI ਭਾਰਤ ਸਰਕਾਰ ਨਾਲ ਤਾਲਮੇਲ ਕੀਤਾ ਗਿਆ ਜਿਸ ਤੇ ਉਨ੍ਹਾ ਵੱਲੋ ਦੱਸਿਆ ਗਿਆ ਕਿ ਵਿਦਿਆਰਥੀਆਂ ਵੱਲੋ ਸਬੰਧਤ ਬੈਂਕ ਵਿੱਚ ਖਾਤੇ ਅਧਾਰ ਨਾਲ ਸੀਡ ਕਰਵਾ ਲਏ ਜਾਂਦੇ ਹਨ ਤਾਂ ਸਬੰਧਤ ਬੈਂਕ ਵੱਲੋ ਡਾਟਾ ਸੈਂਟਰਲ ਬੈਂਕ ਸਿਸਟਮ (CBS) ਵਿੱਚ ਅਪਡੇਟ ਤਾਂ ਕਰ ਲਿਆ ਜਾਂਦਾ ਹੈ ਪ੍ਰੰਤੂ ਡਾਟਾ NPCI ਨੂੰ ਨਹੀ ਭੇਜਿਆ ਜਾਂਦਾ ਜਿਸ ਕਾਰਨ ਸੂਚਨਾ ਅਪਡੇਟ ਨਹੀਂ ਹੁੰਦੀ । ਜਿਸ ਸਬੰਧੀ ਅਗਲੇਰੀ ਕਾਰਵਾਈ ਜਿਲਾ ਪੱਧਰ ਤੇ ਅਧਿਕਾਰੀਆਂ ਨੂੰ ਲਿਖਿਆ ਗਿਆ ਹੈ ।

ਉਕਤ ਸਥਿਤੀ ਅਤੇ ਵਿਦਿਆਰਥੀਆਂ ਨੂੰ ਹੋਣ ਵਾਲੀ ਅਦਾਇਗੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਬੇਨਤੀ ਹੈ ਕਿ ਆਪਣੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਡਾ. ਅੰਬੇਦਕਰ ਸਕਾਲਰਸ਼ਿਪ ਤੇ ਦਰਸਾਏ ਅਨੁਸਾਰ ਜਿਨ੍ਹਾ ਵਿਦਿਆਰਥੀਆਂ ਦੇ ਬੈਂਕ ਖਾਤੇ ਅਧਾਰ ਸੀਡ ਨਹੀ ਹਨ ਉਨ੍ਹਾ ਦੇ ਬੈਂਕ ਖਾਤੇ ਅਧਾਰ ਸੀਡ ਕਰਵਾਏ ਜਾਣ ਅਤੇ ਸਬੰਧਤ ਬੈਂਕ ਤੋਂ ਡਾਟਾ NPCI ਨੂੰ ਭਿਜਵਾਇਆ ਜਾਵੇ ਤਾਂ ਜੋ ਸਬੰਧਤ ਵਿਦਿਆਰਥੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਤੋਂ ਅਦਾਇਗੀ ਕਰਵਾਏ ਜਾ ਸਕੇ ।

31-5-23
ਡਿਪਟੀ ਡਾਇਰੈਕਟਰ (ਸ)

ਪੱਤਰ ਨੰ: 8368

ਮਿਤੀ: 31-05-2023

ਉਕਤ ਦਾ ਉਤਾਰਾ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਐਸ.ਏ.ਐਸ.ਨਗਰ ਜੀ ਨੂੰ ਸੂਚਨਾ ਹਿੱਤ ਜੀ।

31-5-23
ਡਿਪਟੀ ਡਾਇਰੈਕਟਰ (ਸ)

---

# ਦਫ਼ਤਰ ਡਾਇਰੈਕਟਰ, ਜਨਰਲ ਸਕੂਲ ਸਿੱਖਿਆ, ਪੰਜਾਬ।

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜ਼ਿਲ, ਈ.ਬਲਾਕ, ਫੇਜ਼-8, (ਐੱਸ.ਏ.ਐੱਸ.ਨਗਰ)

(ਵਜ਼ੀਫ਼ਾ)

ਪਿੱਠ ਅੰਕਣ ਨੰ.426559/2023153702 ਮਿਤੀ ਐੱਸ:ਏ.ਐੱਸ.ਨਗਰ: 2-6-2023

ਉਪਰੋਕਤ ਪੱਤਰ ਮੂਲ ਰੂਪ ਵਿੱਚ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿੱ) ਪੰਜਾਬ ਨੂੰ ਸਰਕੂਲੇਟ ਕਰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਅਨੁਸਾਰ ਆਪਦੇ ਜ਼ਿਲ੍ਹੇ ਨਾਲ ਸਬੰਧਤ ਸਕੂਲ ਮੁੱਖੀਆਂ ਨੂੰ ਇੰਨ ਬਿੰਨ ਕਾਰਵਾਈ ਕਰਨ ਹਿੱਤ ਪਾਬੰਦ ਬਣਾਇਆ ਜਾਵੇ।

ਕੁਲਵਿੰਦਰ ਕੌਰ
ਸੁਪਰਡੰਟ (ਵਜ਼ੀਫ਼ਾ)

Scanned by CamScanner

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(ਟ)/2023/1178 ਮਿਤੀ: 02-06-2023

ਉਪਰੋਕਤ ਦਾ ਉਤਾਰਾ ਸਮੂਹ ਪ੍ਰਿੰਸੀਪਲ/ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਵਿਭਾ: ਨੂੰ [illegible] ਮੁਕੰਮਲ ਕਰਨ ਵਿੱਚ ਵਿਭਾਗ ਨੂੰ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

2/06/2023
ਜ਼ਿਲ੍ਹਾ ਸਿੱਖਿਆ ਅਫਸਰ (ਸ)
ਬਠਿੰਡਾ
2/6/23

Scanned by CamScanner